Calgary

# ਆਪਣੇ ਵਾਟਰ ਯੂਟਿਲਟੀ ਬਿਲ ਨੂੰ ਕਿਵੇਂ ਪੜ੍ਹੀਏ

ਸਿਟੀ ਆਫ ਕੈਲਗਰੀ ਵਲੋਂ ਤੁਹਾਡੀ ਉਪਯੋਗਿਤਾ ਸਟੇਟਮੈਂਟ ਦਰਸਾਉਂਦੀ ਹੈ ਕਿ ਤੁਹਾਡੇ ਘਰ ਹਰ ਮਹੀਨੇ ਪਾਣੀ ਦੀ ਕਿੰਨੀ ਵਰਤੋਂ ਹੁੰਦੀ ਹੈ। ਤੁਹਾਡਾ ਬਿੱਲ ਪਾਣੀ ਦੀ ਖਪਤ ਨੂੰ ਘਟਾਉਣ, ਤੁਹਾਡੇ ਘਰ ਵਿੱਚ ਲੀਕ ਨੂੰ ਹੱਲ ਕਰਨ ਅਤੇ ਪੈਸੇ ਬਚਾਉਣ ਵਿੱਚ ਸਹਾਇਤਾ ਕਰਨ ਲਈ ਇੱਕ ਵਧੀਆ ਸਾਧਨ ਹੈ।

ਜਦੋਂ ਤੁਸੀਂ ਆਪਣੀ ਸਟੇਟਮੈਂਟ ਪ੍ਰਾਪਤ ਕਰਦੇ ਹੋ, ਇਹ ਦਰਸਾਉਂਦੀ ਹੈ ਕਿ ਮੀਟਰ ਰੀਡਿੰਗ ਕੀ ਸੀ ਅਤੇ ਕੀ ਇਹ ਅਸਲ ਰੀਡਿੰਗ ਸੀ ਜਾਂ ਅਨੁਮਾਨ ਸੀ। ਜੇ ਤੁਸੀਂ ਇੱਕ ਅਨੁਮਾਨ ਪ੍ਰਾਪਤ ਕੀਤਾ ਹੈ ਅਤੇ ਇੱਕ ਰੀਡਿੰਗ ਜਮ੍ਹਾਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 403-310-2010 'ਤੇ ENMAX ਨਾਲ ਸੰਪਰਕ ਕਰੋ। ਤੁਸੀਂ ਇਸ ਤਰ੍ਹਾਂ **www.enmax.com** 'ਤੇ ਆਨਲਾਈਨ ਕਰ ਸਕਦੇ ਹੋ

Calgary

**THE CITY OF CALGARY STATEMENT**

Calgary Muni only
123 MAIN ST SW
CALGARY AB T3H 0L1

PAGE 1 OF 2

**Account Number:** 501000000
**Current Bill Date:** 2019 February 08

**The following services are provided by The City of Calgary. All revenue from these services go to The City of Calgary. For more information, visit calgary.ca**

1 **123 MAIN ST SW, CALGARY AB T3H 0L1**

2 **WATER TREATMENT AND SUPPLY**

Pays for the cost of treating and delivering drinking water

| | | | PREVIOUS READING | PREVIOUS DATE | PRESENT READING | PRESENT DATE | READ TYPE | MULT | USE(m3) |
|---|---|---|---|---|---|---|---|---|---|
| 3 DAYS BILLED: 30 | | RATE | | | | | | | |
| 4 METER #: 8000000000 | | WCRSM | 4165.000 | JAN 01 | 4184.000 | JAN 30 | Actual | 1.00000 | 19.000 |

(5, 6, 7)

**New Charges**

8 Water Charge ..........................................19.000 m3 @ $ 1.5997000 / m3 ............$ 30.39
(Jan 01 to Jan 30)

9 Water Service Charge ..........................................$ 15.36

**Summary** ..........................................**$ 45.75**

10 m3 32 24 16 8 0 '17 '18

AV COST / DAY $1.52

11 **WASTEWATER COLLECTION AND TREATMENT**

Pays for the cost of collecting and treating wastewater

**New Charges**

12 Wastewater Charge ..........(19.000 m3* x 0.90) = 17.100 m3 @ $ 1.6278 / m3 ..............$ 27.84
(Jan 01 to Jan 30)

**water usage is mulitplied by 0.9 to reflect that, on average, 90% of treated water is returned to the wastewater system over a 12-month period.*

13 Wastewater Service Charge ..........................................$ 26.59

**Summary** ..........................................**$ 54.43**

14 **STORMWATER MANAGEMENT**

Pays for the costs to ensure reliable street drainage, flood protection and river health

**New Charges**

15 Stormwater Service Charge ..........................................$ 15.43

**Summary** ..........................................**$ 15.43**

**WASTE AND RECYCLING**

**DAYS BILLED: 30**

**BLUE CART PROGRAM CHARGE: $8.80 PER 30 DAYS**

**New Charges**

Blue Cart Program Charge ( 30 days @ $ 0.2933 / day ) ..........................................$ 8.80
(Jan 01 to Jan 30)

**BLACK CART PROGRAM CHARGE: $6.85 PER 30 DAYS**

**New Charges**

Black Cart Program Charge ( 30 days @ $ 0.2283 / day ) ..........................................$ 6.85
(Jan 01 to Jan 30)

**GREEN CART PROGRAM CHARGE: $8.65 PER 30 DAYS**

**New Charges**

Green Cart Program Charge ( 30 days @ $ 0.2883 / day ) ..........................................$ 8.65
(Jan 01 to Jan 30)

**Total** ..........................................**$ 24.30**

16 **THE CITY OF CALGARY MESSAGE CENTRE**

Green cart program charge reflects a $0.50/month saving from the full program cost of $9.15/month, due to every-other-week winter collection.

1 **ਖਾਤਾ ਧਾਰਕ ਦਾ ਨਾਮ** ਅਤੇ ਇਸ ਬਿੱਲ ਲਈ ਸਰਵਿਸ ਦਾ ਪਤਾ।

2 **ਤੁਹਾਡੇ ਘਰ ਵਿੱਚ ਵਰਤੇ ਜਾਂਦੇ ਪਾਣੀ ਦੇ ਟ੍ਰੀਟਮੈਂਟ ਅਤੇ ਡਿਲਿਵਰੀ ਲਈ ਟ੍ਰੀਟਮੈਂਟ ਅਤੇ ਸਪਲਾਈ** ਦੇ ਖਰਚੇ ਦਾ ਭੁਗਤਾਨ ਕੀਤਾ ਜਾਂਦਾ ਹੈ। ਵਰਤੋਂ ਤੁਹਾਡੇ ਪਾਣੀ ਦੇ ਮੀਟਰ ਦੁਆਰਾ ਮਾਪੀ ਜਾਂਦੀ ਹੈ ਅਤੇ ਰਿਕਾਰਡ ਕੀਤੀ ਜਾਂਦੀ ਹੈ।

3 **ਬਿੱਲ ਦੇ ਦਿਨਾਂ ਦੀ ਸੰਖਿਆ** ਉਹ ਸੰਖਿਆ ਹੈ ਜਿੰਨੇ ਦਿਨਾਂ ਲਈ ਤੁਹਾਨੂੰ ਬਿੱਲ ਦਿੱਤਾ ਜਾਂਦਾ ਹੈ। ਇਹ ਵੱਖਰੇ ਹੋ ਸਕਦੇ ਹਨ ਕਿਉਂਕਿ ਮੀਟਰ ਦੀ ਰੀਡਿੰਗ ਹਰ ਮਹੀਨੇ ਹਮੇਸ਼ਾ ਇਕੋ ਦਿਨ ਨਹੀਂ ਲਈ ਜਾਂਦੀ।

4 **ਮੀਟਰ #** ਤੁਹਾਡੇ ਮੀਟਰ ਦੀ ਸੰਖਿਆ ਨਾਲ ਮੇਲ ਖਾਂਦਾ ਹੈ।

5 **ਪਿਛਲੀ ਅਤੇ ਮੌਜੂਦਾ ਰੀਡਿੰਗ ਅਤੇ ਤਾਰੀਖ** ਪਿਛਲੇ ਅਤੇ ਮੌਜੂਦਾ ਮਹੀਨੇ ਦੀ ਤਾਰੀਖਾਂ ਅਤੇ ਰੀਡਿੰਗ ਨੂੰ ਦਰਸਾਉਂਦੀ ਹੈ।

6 **ਰੀਡਿੰਗ ਦੀ ਕਿਸਮ** ਨੋਟ ਜੇ ਤੁਹਾਡੇ ਮੀਟਰ ਦੀ ਰੀਡਿੰਗ ਲਈ ਗਈ ਸੀ ਜਾਂ ਪਿਛਲੀ ਵਰਤੋਂ ਦੇ ਅਧਾਰ ਤੇ ਅਨੁਮਾਨ ਲਗਾਇਆ ਗਿਆ ਸੀ।

7 **ਵਰਤੋਂ (m3)** ਤੁਹਾਡੀ ਕੁੱਲ ਪਾਣੀ ਦੀ ਵਰਤੋਂ ਘਣ(ਕਿਊਬਿਕ) ਮੀਟਰ ਵਿੱਚ ਮਾਪੀ ਜਾਂਦੀ ਹੈ (m3)। 1m3 1000 ਲੀਟਰ ਜਾਂ 10 ਬਾਥਟਬ ਪਾਣੀ ਦੇ ਬਰਾਬਰ ਹੈ।

8 **ਵਾਟਰ ਚਾਰਜ** ਤੁਹਾਡੇ ਮੀਟਰ ਦੁਆਰਾ ਦਰਜ ਕੀਤੀ ਤੁਹਾਡੇ ਪਾਣੀ ਦੀ ਕੁੱਲ ਵਰਤੋਂ ਤੇ ਅਧਾਰਤ ਹੈ। ਨਦੀ ਤੋਂ ਪਾਣੀ ਕੱਢਣ, ਟ੍ਰੀਟ ਕਰਨ ਅਤੇ ਇਸ ਨੂੰ ਤੁਹਾਡੇ ਘਰ/ ਬਿਜ਼ਨਸ ਤਕ ਪਹੁੰਚਾਉਣ ਲਈ ਅਦਾਇਗੀ ਕਰਦਾ ਹੈ।

9 **ਵਾਟਰ ਸਰਵਿਸ ਚਾਰਜ** ਇੱਕ ਨਿਰਧਾਰਤ ਚਾਰਜ ਹੈ ਜਿਸਦੀ ਅਦਾਇਗੀ ਮੀਟਰ ਰੀਡਿੰਗ, ਬਿਲਿੰਗ, ਮੀਟਰ ਮੁਰੰਮਤ ਅਤੇ ਅੱਗ ਸੁਰੱਖਿਆ ਸਮੇਤ ਸੇਵਾਵਾਂ ਲਈ ਕੀਤੀ ਜਾਂਦੀ ਹੈ।

10 **ਗ੍ਰਾਫ** ਤੁਹਾਨੂੰ ਮਹੀਨੇ ਦੇ ਮਹੀਨੇ ਪਾਣੀ ਦੀ ਵਰਤੋਂ ਦੀ ਨਿਗਰਾਨੀ ਕਰਨ ਵਿੱਚ ਸਹਾਇਤਾ ਲਈ ਪ੍ਰਦਾਨ ਕੀਤਾ ਜਾਂਦਾ ਹੈ। ਔਸਤਨ ਕੈਲਗਰੀ ਵਾਸੀ ਹਰ ਮਹੀਨੇ 7m3 ਪਾਣੀ ਦੀ ਵਰਤੋਂ ਕਰਦਾ ਹੈ।

11 **ਗੰਦਾ ਪਾਣੀ ਇਕੱਠਾ ਕਰਨ ਅਤੇ ਟ੍ਰੀਟਮੈਂਟ ਕਰਨ** ਦੀ ਅਦਾਇਗੀ ਤੁਹਾਡੇ ਦੁਆਰਾ ਟਾਇਲਟ ਫਲੱਸ਼ਿੰਗ, ਸਿੰਕ ਅਤੇ ਬਾਥਟਬ ਡ੍ਰੇਨਿੰਗ, ਅਤੇ ਫਿਰ ਇਸਨੂੰ ਸਾਡੀ ਨਦੀਆਂ ਵੱਲ ਵਾਪਸ ਲਿਆਉਣ ਲਈ ਪਾਣੀ ਇਕੱਠਾ ਕਰਨ ਅਤੇ ਸੁਰੱਖਿਅਤ ਤਰੀਕੇ ਨਾਲ ਟ੍ਰੀਟਮੈਂਟ ਲਈ ਕੀਤੀ ਜਾਂਦੀ ਹੈ।

12 **ਗੰਦੇ ਪਾਣੀ ਦਾ ਖਰਚਾ** ਗੰਦੇ ਪਾਣੀ ਨੂੰ ਨਦੀ ਵਿੱਚ ਵਾਪਸ ਪਾਉਣ ਤੋਂ ਪਹਿਲਾਂ ਇਸਦਾ ਟ੍ਰੀਟਮੈਂਟ ਕਰਨ ਲਈ ਹੈ। ਇਹ ਸੰਖਿਆ ਤੁਹਾਡੇ ਪਾਣੀ ਦੀ ਕੁੱਲ ਵਰਤੋਂ ਦੀ ਪ੍ਰਤੀਸ਼ਤਤਾ ਹੈ।

13 **ਗੰਦੇ ਪਾਣੀ ਦਾ ਸਰਵਿਸ ਚਾਰਜ** ਇੱਕ ਨਿਰਧਾਰਿਤ ਭੁਗਤਾਨ ਹੈ ਜੋ ਤੁਹਾਡੇ ਘਰ ਤੋਂ ਗੰਦਾ ਪਾਣੀ ਇਕੱਠਾ ਕਰਨ ਅਤੇ ਇਸਨੂੰ ਟ੍ਰੀਟਮੈਂਟ ਪਲਾਂਟਾਂ ਤਕ ਪਹੁੰਚਾਉਣ ਲਈ ਬੁਨਿਆਦੀ ਢਾਂਚੇ, ਅਤੇ ਬਿਲਿੰਗ ਲਈ ਕੀਤਾ ਜਾਂਦਾ ਹੈ।

14 **ਤੂਫਾਨੀ ਪਾਣੀ (ਸਟੋਰਮ ਵਾਟਰ) ਪ੍ਰਬੰਧਨ** ਦਾ ਭੁਗਤਾਨ ਭਰੋਸੇਮੰਦ ਗਲੀਆਂ ਵਿੱਚ ਨਿਕਾਸੀ, ਹੜ੍ਹਾਂ ਤੋਂ ਸੁਰੱਖਿਆ ਅਤੇ ਅਤੇ ਨਦੀ ਦੀ ਸਿਹਤ ਨੂੰ ਯਕੀਨੀ ਬਣਾਉਣ ਦੀਆਂ ਲਾਗਤਾਂ ਲਈ ਕੀਤਾ ਜਾਂਦਾ ਹੈ।

15 **ਤੂਫਾਨੀ ਪਾਣੀ (ਸਟੋਰਮ ਵਾਟਰ) ਸੇਵਾ ਚਾਰਜ** ਇੱਕ ਨਿਰਧਾਰਿਤ ਚਾਰਜ ਹੈ ਜਿਸਦਾ ਭੁਗਤਾਨ ਮੀਂਹ ਜਾਂ ਬਰਫ/ ਬਰਫ ਪਿਘਲਣ ਤੋਂ ਪਾਣੀ ਇਕੱਠਾ ਕਰਨ ਅਤੇ ਪ੍ਰਬੰਧਨ ਕਰਨ ਅਤੇ ਇਸ ਨੂੰ ਨਜ਼ਦੀਕੀ ਨਦੀ ਜਾਂ ਨਾਲੇ ਤਕ ਲਿਜਾਉਣ ਲਈ ਬੁਨਿਆਦੀ ਢਾਂਚੇ ਲਈ ਕੀਤਾ ਜਾਂਦਾ ਹੈ।

16 **ਸਿਟੀ ਆਫ਼ ਕੈਲਗਰੀ ਮੈਸੇਜ ਸੈਂਟਰ** ਪਾਣੀ ਨੂੰ ਬਚਾਉਣ ਦੇ ਤਰੀਕਿਆਂ ਦੇ ਨਾਲ-ਨਾਲ ਤੁਸੀਂ ਸਾਡੀ ਨਦੀਆਂ ਦੀ ਰੱਖਿਆ ਵਿੱਚ ਕਿਵੇਂ ਸਹਾਇਤਾ ਕਰ ਸਕਦੇ ਹੋ, ਇਸ ਬਾਰੇ ਮਦਦਗਾਰ ਜਾਣਕਾਰੀ ਪ੍ਰਦਾਨ ਕਰਦਾ ਹੈ।

ਪਾਣੀ ਦੀ ਕਿਸੇ ਵੀ ਬਿਲਿੰਗ ਪੁੱਛਗਿੱਛ ਅਤੇ ਗਾਹਕ ਸੇਵਾ ਲਈ, ENMAX ਨਾਲ 403-310-2010 'ਤੇ ਸੰਪਰਕ ਕਰੋ ਜਾਂ **www.enmax.com** ਤੇ ਜਾਓ



19-0002046